**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**
**ਵਿੱਦਿਆ ਭਵਨ, ਈ ਬਲਾਕ, ਪੰਜਵੀਂ ਮੰਜਿਲ, ਫੇਜ਼-8, ਐਸ ਏ ਐਸ ਨਗਰ (ਮੁਹਾਲੀ), ਪੰਜਾਬ**

ਵੱਲ

ਜਿਲ੍ਹਾ ਸਿੱਖਿਆ ਅਫਸਰ (ਸੈ ਸਿ), ਪੰਜਾਬ
ਜਿਲ੍ਹਾ ਸਿੱਖਿਆ ਅਫਸਰ (ਐ ਸਿ), ਪੰਜਾਬ
ਸਮੂਹ ਸਕੂਲ ਮੁੱਖੀ (ਸਰਕਾਰੀ, ਏਡਿਡ, ਪ੍ਰਾਈਵੇਟ, ਸੈਂਟਰਲ ਸਕੂਲ)

ਮੀਮੋ ਨੰ – 2022/ਸਸਅ/ਐਮ ਆਈ ਐਸ /ਯੂਡਾਈਸ/ 106948
ਮਿਤੀ 05 ਮਈ, 2022

**ਵਿਸ਼ਾ** **ਯੂਡਾਈਸ ਸਰਵੇ 2021-22 ਸਬੰਧੀ।**

ਯੂਡਾਈਸ ਸਰਵੇ ਭਾਰਤ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਹਰ ਸਾਲ ਸਮੂਹ ਸਕੂਲਾਂ ਤੋਂ ਸਕੂਲ ਸਬੰਧੀ ਜਾਣਕਾਰੀ ਜਿਵੇਂ ਕਿ ਵਿਦਿਆਰਥੀਆਂ ਦੀ ਗਿਣਤੀ, ਅਧਿਆਪਕਾਂ ਦੀ ਜਾਣਕਾਰੀ, ਸਕੂਲ ਦਾ ਬੁਨਿਆਦੀ ਢਾਂਚਾ, ਨਤੀਜੇ ਆਦਿ ਇੱਕਤਰ ਕਰਨ ਲਈ ਕਰਵ੍ਹਾਇਆ ਜਾਂਦਾ ਹੈ। ਇਹ ਜਾਣਕਾਰੀ ਹਰ ਸਕੂਲ ਵਲੋਂ ਭਾਰਤ ਸਰਕਾਰ ਦੇ ਪੋਰਟਲ **https://udiseplus.gov.in** ਉੱਤੇ ਆਪਣੇ ਸਕੂਲ ਦੇ ਲਾਗਇਨ ਅਧੀਨ ਆਪ ਭਰੀ ਜਾਂਦੀ ਹੈ।

ਇਸ ਸਾਲ ਯੂਡਾਈਸ ਸਰਵੇ ਅਧੀਨ ਡਾਟਾ **ਸਾਲ 2021-22** ਲਈ ਸਮੂਹ ਸਕੂਲਾਂ (ਸਰਕਾਰੀ, ਏਡਿਡ, ਪ੍ਰਾਈਵੇਟ, ਸੈਂਟਰਲ ਸਕੂਲ ਆਦਿ) ਵਲੋਂ ਭਰਿਆ ਜਾਣਾ ਹੈ। ਸਮੂਹ ਸਕੂਲ ਮੁੱਖੀ ਇਹ ਡਾਟਾ ਆਪਣੀ ਨਿਗਰਾਨੀ ਹੇਠ ਸਹੀ ਅਤੇ ਰਿਕਾਰਡ ਅਨੁਸਾਰ ਪੋਰਟਲ ਉੱਤੇ ਭਰਵਾਉਣਗੇ ਅਤੇ ਡਾਟਾ ਨੂੰ ਭਰਨ ਉਪਰੰਤ ਦੋਬਾਰਾ ਚੰਗੀ ਤਰ੍ਹਾਂ ਨਾਲ ਚੈੱਕ ਕਰਨ ਉਪਰੰਤ ਹੀ Online Certify ਕਰਨਗੇ।

ਯੂਡਾਈਸ ਡਾਟਾ ਦੇ ਅਧਾਰ ਉੱਤੇ ਰਾਜ ਅਤੇ ਭਾਰਤ ਸਰਕਾਰ ਵਲੋਂ ਕਈ ਤਰ੍ਹਾਂ ਦੇ ਵਿਸ਼ਲੇਸ਼ਣ ਕੀਤੇ ਜਾਂਦੇ ਹਨ ਜਿਨ੍ਹਾਂ ਦੇ ਅਧਾਰ ਤੇ ਵੱਖ-ਵੱਖ ਪ੍ਰਕਾਰ ਦੀਆਂ ਨੀਤੀਆਂ ਸਿੱਖ੍ਹਿਆ ਦੇ ਸੁਧਾਰ ਲਈ ਬਣਾਈਆਂ ਜਾਂਦੀਆਂ ਹਨ। ਇਸ ਲਈ ਇਸ ਡਾਟਾ ਦਾ ਬਹੁਤ ਮਹੱਤਵ ਹੈ ਅਤੇ ਇਸ ਨੂੰ ਸਹੀ ਭਰਿਆ ਜਾਣਾ ਜਰੂਰੀ ਹੈ।

ਯੂਡਾਈਸ ਸਰਵੇ 2021-22 ਦਾ ਡਾਟਾ ਹਰ ਸਕੂਲ ਵਲੋਂ ਭਾਰਤ ਸਰਕਾਰ ਦੇ ਪੋਰਟਲ **https://udiseplus.gov.in** ਉੱਤੇ ਮਿਤੀ 15-05-2022 ਤੱਕ ਹਰ ਹਾਲਤ ਵਿਚ ਭਰਕੇ Online Certify ਕੀਤਾ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ,**
**ਪੰਜਾਬ**

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਅਗਲੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-

1) ਡਾਇਰੈਕਟਰ ਸਿੱਖਿਆ ਵਿਭਾਗ (ਸੈ ਸਿ), ਪੰਜਾਬ
2) ਡਾਇਰੈਕਟਰ ਸਿੱਖਿਆ ਵਿਭਾਗ (ਐ ਸਿ), ਪੰਜਾਬ
3) ਡਾਇਰੈਕਟਰ, ਐਸ ਸੀ ਈ ਆਰ ਟੀ, ਪੰਜਾਬ